# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

E-Mail. id :deosebathinda@punjabeducation.gov.in

ਵੱਲ

ਸਮੂਹ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।

ਪੱਤਰ ਨੰ:ਜੀ-1/1 ( ) 2023 / 5098
ਮਿਤੀ : 25/09/2023

ਵਿਸ਼ਾ : ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਘੋਸ਼ਣਾ ਪੱਤਰ ਪ੍ਰਾਪਤ ਕਰਨ ਸਬੰਧੀ ।

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫਤਰ ਦੇ ਪੱਤਰ ਨੰ : 12012 ਮਿਤੀ : 18/07/2023 ਦੇ ਸਬੰਧ ਵਿਚ ।

ਉਪਰੋਕਤ ਵਿਸਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ **ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ** ਸਵੈ ਘੋਸ਼ਣਾ ਸਬੰਧੀ ਪ੍ਰੋਫਾਰਮਾ ਇਸ ਦਫਤਰ ਨੂੰ ਪ੍ਰਾਪਤ ਹੋਇਆ ਹੈ । ਸੋ ਉਕਤ ਪ੍ਰੋਫਾਰਮੇ ਨੂੰ ਸਮੂਹ ਸਕੂਲਾਂ ਦੇ ਮੁੱਖੀਆਂ ਅਤੇ ਸਟਾਫ ਵੱਲੋਂ ਭਰਿਆ ਜਾਣਾ ਹੈ । ਜਿਸ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਵੈ ਘੋਸ਼ਣਾ ਦਾ ਪ੍ਰੋਫਾਰਮਾ ਭਰਕੇ ਜਲਦ ਤੋਂ ਜਲਦ ਇਸ ਦਫਤਰ ਵਿਖੇ **ਦਸਤੀ** ( Hard copy ) ਤੌਰ ਤੇ ਜਮ੍ਹਾਂ ਕਰਵਾਇਆ ਜਾਵੇ ਤਾਂ ਜੋ ਇਸ ਦੀ ਸੂਚਨਾ ਮੁੱਖ ਖੇਤੀਬਾੜੀ ਦਫਤਰ ਨੂੰ ਭੇਜੀ ਜਾ ਸਕੇ । ਸਵੈ ਘੋਸ਼ਣਾ ਦਾ ਪ੍ਰੋਫਾਰਮਾ **ਮਿਤੀ : 26/09/2023 ਨੂੰ ਸਵੇਰੇ 9:00 ਵਜ਼ੇ ਤੱਕ** ਜਮ੍ਹਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਇਹ ਸੂਚਨਾਂ ਨਿਸ਼ਚਿਤ ਮਿਤੀ: 26/09/2023 ਤੱਕ ਜਮ੍ਹਾਂ ਨਹੀਂ ਕਰਵਾਈ ਜਾਂਦੀ ਤਾਂ ਸਬੰਧਤ ਸਕੂਲ ਮੁੱਖੀ ਦੇ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਆਰੰਭੀ ਜਾਵੇਗੀ ।

**ਨੱਥੀ : ਸਵੈ ਘੋਸ਼ਣਾ ਦਾ ਪ੍ਰੋਫਾਰਮਾ ।**

25/9/23

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ ।